Alberta

**ਨਿਊਜ਼** ਰਿਲੀਜ਼

# ਬਜਟ 2025: ਹਸਪਤਾਲਾਂ ਦੀ ਸਮਰੱਥਾ ਵਿੱਚ ਵਾਧਾ

*06 ਮਾਰਚ, 2025*

## ਅਲਬਰਟਾ ਦੀ ਸਰਕਾਰ ਬਜਟ 2025 ਕੈਪੀਟਲ ਪਲਾਨ ਦੇ ਹਿੱਸੇ ਵਜੋਂ ਸੂਬੇ ਭਰ ਵਿੱਚ ਹਸਪਤਾਲਾਂ ਦੀ ਸਮਰੱਥਾ ਵਧਾਉਣ ਲਈ ਦੋ ਸਾਲਾਂ ਵਿੱਚ $10 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ।

ਅਲਬਰਟਾ ਦੀ ਸਰਕਾਰ ਸਿਹਤ ਬੁਨਿਆਦੀ ਢਾਂਚੇ ਨੂੰ ਵਧਾਉਣ ਲਈ ਵਚਨਬੱਧ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਅਲਬਰਟਾ ਵਾਸੀਆਂ ਨੂੰ ਜਦੋਂ ਅਤੇ ਜਿੱਥੇ ਵੀ ਲੋੜ ਹੋਵੇ ਉੱਚ-ਗੁਣਵੱਤਾ ਵਾਲੀ ਦੇਖਭਾਲ ਤੱਕ ਪਹੁੰਚ ਹੋਵੇ। ਸਿਹਤ ਸੰਭਾਲ ਸੰਬੰਧੀ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਡਿਜ਼ਾਈਨ ਕਰਦੇ ਸਮੇਂ, ਭਵਿੱਖ ਦੇ ਵਿਕਾਸ ਨੂੰ ਅਨੁਕੂਲ ਬਣਾਉਣ ਅਤੇ ਬਦਲਦੀਆਂ ਜ਼ਰੂਰਤਾਂ ਅਤੇ ਮੰਗ ਦੇ ਅਨੁਕੂਲ ਹੋਣ ਲਈ ਸ਼ੈੱਲਡ (ਅਧੂਰੀਆਂ) ਅਤੇ ਖਾਲੀ ਥਾਵਾਂ ਨੂੰ ਸ਼ਾਮਲ ਕਰਨਾ ਆਮ ਗੱਲ ਹੈ।

ਅਲਬਰਟਾ ਦੀਆਂ ਸਿਹਤ ਸਹੂਲਤਾਂ ਦੇ ਅੰਦਰ ਦੀਆਂ ਸਾਰੀਆਂ ਸ਼ੈੱਲਡ ਅਤੇ ਖਾਲੀ ਥਾਵਾਂ ਦੀ ਪਛਾਣ ਕੀਤੀ ਜਾਵੇਗੀ ਅਤੇ ਭਵਿੱਖ ਦੇ ਵਿਕਾਸ ਲਈ ਵਿਹਾਰਕ ਮੌਕਿਆਂ ਦਾ ਪਤਾ ਲਗਾਉਣ ਲਈ ਇਨ੍ਹਾਂ ਦਾ ਮੁਲਾਂਕਣ ਕੀਤਾ ਜਾਵੇਗਾ। ਮੌਜੂਦਾ ਥਾਵਾਂ ਦਾ ਰਣਨੀਤਕ ਤੌਰ 'ਤੇ ਵਿਕਸਤ ਕਰਨਾ ਸਿਹਤ ਸੰਭਾਲ ਸਮਰੱਥਾ ਨੂੰ ਤੇਜ਼ੀ ਨਾਲ ਵਧਾਉਣ, ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਅਤੇ ਸੂਬੇ ਭਰ ਵਿੱਚ ਮਰੀਜ਼ਾਂ ਲਈ ਉਡੀਕ ਸਮੇਂ ਨੂੰ ਘਟਾਉਣ ਦਾ ਇੱਕ ਲਾਗਤ-ਪ੍ਰਭਾਵਸ਼ਾਲੀ ਤਰੀਕਾ ਹੈ।

ਜੇਕਰ ਇਹ ਪਾਸ ਹੋ ਜਾਂਦਾ ਹੈ, ਤਾਂ ਬਜਟ 2025 $10 ਮਿਲੀਅਨ  ਦੇ ਡਿਵੈਲਪ ਸ਼ੈੱਲਡ ਅਤੇ ਵੈਕੈਂਟ ਸਪੇਸ ਕੈਪੀਟਲ ਪ੍ਰੋਗਰਾਮ ਰਾਹੀਂ ਇਸ ਵਚਨਬੱਧਤਾ ਨੂੰ ਜ਼ਿੰਮੇਵਾਰੀ ਨਾਲ ਪੂਰਾ ਕਰਨ ਵਿੱਚ ਮਦਦ ਕਰੇਗਾ। ਨਵੇਂ ਪ੍ਰੋਗਰਾਮ ਦੇ ਤਹਿਤ, ਅਲਬਰਟਾ ਭਰ ਵਿੱਚ ਮੌਜੂਦਾ ਸਿਹਤ ਸਹੂਲਤਾਂ ਦੇ ਅੰਦਰ ਦੀਆਂ ਸ਼ੈੱਲਡ ਅਤੇ ਖਾਲੀ ਥਾਵਾਂ ਵਿਕਸਤ ਕੀਤੀਆਂ ਜਾਣਗੀਆਂ।

"ਉਹਨਾਂ ਥਾਵਾਂ ਦਾ ਵਿਕਾਸ ਕਰਨਾ ਜੋ ਮੁਕੰਮਲ ਨਹੀਂ ਹੋਈਆਂ ਜਾਂ ਖਾਲੀ ਹਨ, ਸਿਹਤ ਸੰਭਾਲ ਸੰਬੰਧੀ ਬੁਨਿਆਦੀ ਢਾਂਚੇ ਦਾ ਵਿਸਤਾਰ ਕਰਨ ਦਾ ਇੱਕ ਤੇਜ਼ ਅਤੇ ਵਧੇਰੇ ਕਿਫਾਇਤੀ ਤਰੀਕਾ ਹੈ। ਮੈਂ ਇਨ੍ਹਾਂ ਵਿਕਾਸ ਮੌਕਿਆਂ ਦੀ ਪਛਾਣ ਕਰਨ ਦੀ ਉਮੀਦ ਕਰ ਰਹੀ ਹਾਂ ਤਾਂ ਜੋ ਅਸੀਂ ਜਲਦੀ ਤੋਂ ਜਲਦੀ ਅਲਬਰਟਾ ਵਾਸੀਆਂ ਲਈ ਸਮਰੱਥਾ ਵਧਾ ਸਕੀਏ।

*ਏਡਰੀਆਨਾ ਲਾਗਰੇਂਜ , ਸਿਹਤ ਮੰਤਰੀ*

ਵਿਚਾਰ ਅਧੀਨ ਥਾਵਾਂ ਵਿੱਚ ਕੈਲਗਰੀ ਵਿੱਚ ਪੀਟਰ ਲੌਹੀਡ ਸੈਂਟਰ ਅਤੇ ਟੌਮ ਬੇਕਰ ਸੈਂਟਰ; ਐਡਮੰਟਨ ਵਿੱਚ ਮਾਜ਼ਾਨਕੋਵਸਕੀ ਹਾਰਟ ਇੰਸਟੀਟੂਟ ਅਤੇ ਕੇ ਕਲੀਨਿਕ; ਅਤੇ ਗ੍ਰਾਂਡ ਪ੍ਰੇਰੀ ਵਿੱਚ ਕਵੀਨ ਐਲਿਜ਼ਾਬੈਥ II ਐਂਬੂਲੇਟਰੀ ਕੇਅਰ ਸੈਂਟਰ ਸ਼ਾਮਲ ਹਨ।

ਕੈਪੀਟਲ ਪਲਾਨ ਵਿੱਚ ਫੰਡਿੰਗ ਦੀ ਵਰਤੋਂ ਇਹਨਾਂ ਥਾਵਾਂ ਦੇ ਵਿਕਾਸ ਨੂੰ ਤੇਜ਼ ਕਰਨ ਲਈ ਕੀਤੀ ਜਾਵੇਗੀ, ਜਿਸ ਵਿੱਚ ਉਸਾਰੀ ਸ਼ੁਰੂ ਹੋਣ ਤੋਂ ਪਹਿਲਾਂ ਵਿਆਪਕ ਪ੍ਰੋਜੈਕਟ ਲਾਗਤ ਅਤੇ ਵਿਸਤ੍ਰਿਤ ਯੋਜਨਾਬੰਦੀ ਸ਼ਾਮਲ ਹੈ। ਇਸ ਮੁੱਢਲੇ ਕੰਮ ਨੂੰ ਪਹਿਲਾਂ ਹੀ ਪੂਰਾ ਕਰਕੇ, ਸਰਕਾਰ ਭਵਿੱਖ ਦੇ ਬਜਟਾਂ ਲਈ ਪ੍ਰਵਾਨਗੀ ਪ੍ਰਕਿਰਿਆ ਦੌਰਾਨ ਚੰਗੀ ਤਰ੍ਹਾਂ ਸੂਚਿਤ ਫੈਸਲੇ ਲੈਣ ਦੇ ਯੋਗ ਹੋਵੇਗੀ।

ਅਲਬਰਟਾ ਇਨਫਰਾਸਟ੍ਰਕਚਰ, ਸਿਹਤ ਸੰਭਾਲ ਪ੍ਰੋਗਰਾਮ ਅਤੇ ਸੇਵਾ ਦੀਆਂ ਜ਼ਰੂਰਤਾਂ ਦੇ ਅਨੁਕੂਲਤਾ ਨੂੰ ਯਕੀਨੀ ਬਣਾਉਂਦੇ ਹੋਏ, ਅਲਬਰਟਾ ਹੈਲਥ ਦੇ ਨਿਰਦੇਸ਼ਾਂ ਹੇਠ ਦੋ ਸਾਲਾਂ ਦੀ ਯੋਜਨਾਬੰਦੀ ਪ੍ਰਕਿਰਿਆ ਦੀ ਅਗਵਾਈ ਕਰੇਗਾ।

"ਹਸਪਤਾਲਾਂ ਵਿੱਚ ਘੱਟ ਵਰਤੋਂ ਵਾਲੀਆਂ ਥਾਵਾਂ ਲਈ ਉਸਾਰੀ ਅਤੇ ਨਵੀਨੀਕਰਨ ਦੇ ਮੌਕਿਆਂ ਦੀ ਪਛਾਣ ਕਰਨ ਦੀ ਇਹ ਪਹਿਲ ਸਾਡੀ ਸਰਕਾਰ ਨੂੰ ਸਿਹਤ ਸੰਭਾਲ ਸਮਰੱਥਾ ਨੂੰ ਬਿਹਤਰ ਬਣਾਉਣ ਅਤੇ ਅਲਬਰਟਾ ਨਿਵਾਸੀਆਂ  ਦੀਆਂ ਜ਼ਰੂਰਤਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਨ ਵਿੱਚ ਮਦਦ ਕਰੇਗੀ। ਸਾਨੂੰ ਇਸ ਪ੍ਰੋਗਰਾਮ ਦੀ ਅਗਵਾਈ ਕਰਨ 'ਤੇ ਮਾਣ ਹੈ।

*ਮਾਰਟਿਨ ਲੌਂਗ, ਬੁਨਿਆਦੀ ਢਾਂਚਾ ਮੰਤਰੀ*

ਯੋਜਨਾਬੰਦੀ ਪ੍ਰਕਿਰਿਆ ਪੂਰੀ ਹੋ ਜਾਣ ਤੋਂ ਬਾਅਦ, ਨਵੇਂ ਪ੍ਰੋਗਰਾਮ ਦੇ ਤਹਿਤ ਉਸਾਰੀ ਲਈ ਵਾਧੂ ਪੂੰਜੀ ਫੰਡ ਅਲਾਟ ਕੀਤੇ ਜਾਣਗੇ। ਚੁਣੇ ਹੋਏ ਪ੍ਰੋਜੈਕਟਾਂ ਲਈ ਡਿਜ਼ਾਈਨ ਪੜਾਅ 2025 ਦੀ ਪਤਝੜ ਵਿੱਚ ਸ਼ੁਰੂ ਹੋ ਸਕਦਾ ਹੈ।

"ਅਲਬਰਟਾ ਹੈਲਥ ਸਰਵਿਸਿਜ਼ ਹਸਪਤਾਲ ਦੀ ਸਮਰੱਥਾ ਨੂੰ ਵਧਾਉਣ ਅਤੇ ਦੇਖਭਾਲ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਮੌਜੂਦਾ ਸਹੂਲਤਾਂ ਵਾਲੀ ਥਾਂ ਦੀ ਵਰਤੋਂ ਕਰੇਗੀ। ਇਹ ਨਿਵੇਸ਼ ਸਾਡੇ ਹਸਪਤਾਲਾਂ ਵਿੱਚ ਬੈੱਡ ਅਤੇ ਸਰਜੀਕਲ ਸਮਰੱਥਾ ਵਧਾ ਕੇ ਮਰੀਜ਼ਾਂ ਦੀ ਸਹਾਇਤਾ ਕਰੇਗਾ।

*ਆਂਦਰੇ ਟ੍ਰੌਂਬਲੇ, ਅੰਤਰਿਮ ਪ੍ਰਧਾਨ ਅਤੇ ਸੀਈਓ, ਅਲਬਰਟਾ ਹੈਲਥ ਸਰਵਿਸਿਜ਼*

ਇਹ ਪਹਿਲਕਦਮੀ ਅਲਬਰਟਾ ਭਰ ਵਿੱਚ ਹਸਪਤਾਲਾਂ ਦੇ ਚੱਲ ਰਹੇ ਇੱਕ ਹੋਰ ਵੱਡੇ ਵਿਸਥਾਰ ਦਾ ਹਿੱਸਾ ਹੈ। ਜੇਕਰ ਇਹ ਪਾਸ ਹੋ ਜਾਂਦਾ ਹੈ, ਤਾਂ ਬਜਟ 2025 ਇਸ ਵਿੱਚ ਅਲਬਰਟਾ ਸਰਜੀਕਲ ਇਨੀਸ਼ੀਏਟਿਵ ਕੈਪੀਟਲ ਪ੍ਰੋਗਰਾਮ ਦੇ ਹਿੱਸੇ ਵਜੋਂ ਓਪਰੇਟਿੰਗ ਰੂਮ ਦੀ ਸਮਰੱਥਾ ਵਧਾਉਣ ਲਈ $265 ਮਿਲੀਅਨ, ਅਤੇ ਨਾਲ ਹੀ ਇੱਕ ਸਟੈਂਡ-ਅਲੋਨ ਸਟੋਲੇਰੀ ਚਿਲਡਰਨਜ਼ ਹਸਪਤਾਲ ਲਈ ਯੋਜਨਾਵਾਂ ਨੂੰ ਅੱਗੇ ਵਧਾਉਣ ਲਈ $11 ਮਿਲੀਅਨ ਅਤੇ ਗ੍ਰੇ ਨਨਜ਼ ਅਤੇ ਮਿਸਰੀਕੋਰਡੀਆ ਕਮਿਊਨਿਟੀ ਹਸਪਤਾਲਾਂ ਦੋਵਾਂ ਵਿੱਚ ਇਨਪੇਸ਼ੈਂਟ ਟਾਵਰਾਂ ਲਈ ਯੋਜਨਾਵਾਂ ਦਾ ਸਮਰਥਨ ਕਰਨ ਲਈ $2 ਮਿਲੀਅਨ ਸ਼ਾਮਲ ਹੋਣਗੇ ਜੋ 700 ਬੈੱਡਾਂ ਤੱਕ ਦਾ ਵਾਧਾ ਕਰਨਗੇ।

ਇਹ ਨਿਵੇਸ਼ ਰੌਕੀਵਿਊ ਜਨਰਲ ਹਸਪਤਾਲ ਵਿਖੇ ਇੰਨਟੈਂਸਿਵ ਕੇਅਰ, ਕੋਰੋਨਰੀ ਕੇਅਰ ਅਤੇ ਐਂਡੋਸਕੋਪੀ ਯੂਨਿਟਾਂ ਦੇ ਹਾਲ ਹੀ ਵਿੱਚ ਪੂਰੇ ਹੋਏ $84 ਮਿਲੀਅਨ ਦੇ ਵਿਸਥਾਰ ਨੂੰ ਅਗੇ ਵਧਾਉਂਦਾ ਹੈ, ਜਿਸ ਨਾਲ ਮਰੀਜ਼ ਦੁਆਰਾ ਵਰਤੇ ਜਾਣ ਲਈ ਤਿਆਰ ਬੈੱਡਾਂ ਦੀ ਸਮਰੱਥਾ ਲਗਭਗ 50 ਪ੍ਰਤੀਸ਼ਤ ਵਧ ਗਈ ਹੈ, ਅਤੇ ਨਾਲ ਹੀ ਕੈਲਗਰੀ ਵਿੱਚ ਵਿਸ਼ਵ ਪੱਧਰੀ ਆਰਥਰ ਜੇ.ਈ. ਚਾਈਲਡ ਕੌਂਪ੍ਰੀਹੈਂਸਿਵ ਕੈਂਸਰ ਸੈਂਟਰ ਦਾ ਉਦਘਾਟਨ ਵੀ ਹੋਇਆ ਹੈ। ਇਹ ਸੈਂਟਰ ਆਪਣੀ 127,000 ਵਰਗ ਮੀਟਰ ਜਗ੍ਹਾ, ਜਿਸ ਵਿੱਚ ਖੋਜ ਲਈ ਸਮਰਪਿਤ 9,200 ਵਰਗ ਮੀਟਰ ਤੋਂ ਵੱਧ ਦਾ ਖੇਤਰ

ਸ਼ਾਮਲ ਹੈ, ਦੇ ਅੰਦਰ 160 ਇਨਪੇਸ਼ੈਂਟ ਬੈੱਡ ਜੋੜਦਾ ਹੈ। ਦੋਵੇਂ ਪ੍ਰੋਜੈਕਟਾਂ ਨੇ ਕੈਲਗਰੀ ਕੋਰੀਡੋਰ ਵਿੱਚ ਸਮਰੱਥਾ ਵਿੱਚ ਪਹਿਲਾਂ ਹੀ ਕਾਫ਼ੀ ਵਾਧਾ ਕੀਤਾ ਹੈ।

ਬਜਟ 2025 ਸਿੱਖਿਆ ਅਤੇ ਸਿਹਤ ਵਿੱਚ ਨਿਰੰਤਰ ਨਿਵੇਸ਼, ਪਰਿਵਾਰਾਂ ਲਈ ਘੱਟ ਟੈਕਸ ਅਤੇ ਅਰਥ ਵਿਵਸਥਾ 'ਤੇ ਧਿਆਨ ਕੇਂਦਰਿਤ ਕਰਕੇ ਅਲਬਰਟਾ ਨੂੰ ਦਰਪੇਸ਼ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ।

**ਸੰਬੰਧਿਤ ਜਾਣਕਾਰੀ**

- ਬਜਟ 2025

**ਸੰਬੰਧਿਤ ਖਬਰਾਂ**

- 2025 ਵਿੱਚ ਉੱਤਮਤਾ 'ਤੇ ਨਿਰਮਾਣ (9 ਜਨਵਰੀ, 2025)
- ਦੱਖਣੀ ਅਲਬਰਟਾ ਵਿੱਚ ਦਿਲ ਸੰਬੰਧੀ ਸੇਵਾਵਾਂ ਦਾ ਵਿਸਤਾਰ (22 ਅਕਤੂਬਰ, 2024)
- ਅਲਬਰਟਾ ਭਰ ਵਿੱਚ ਪੇਂਡੂ ਸਿਹਤ ਸਹੂਲਤਾਂ ਵਿੱਚ ਨਿਵੇਸ਼ (24 ਸਤੰਬਰ, 2024)